# ਪੰਜਾਬ ਸਰਕਾਰ ਨੇ ਰੱਬ ਆਸਰੇ ਛੱਡੀ ਕਿਸਾਨੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕਿਸਾਨੀ ਨੂੰ ਰੱਬ ਆਸਰੇ ਛੱਡ ਦਿੱਤਾ ਹੈ। ਸਰਕਾਰ ਜ਼ਰਾਇਤੀ ਖੇਤਰ ਨੂੰ ਲੀਹ 'ਤੇ ਲਿਆਉਣ ਲਈ ਕੋਈ ਦਿਲਚਸਪੀ ਨਹੀਂ ਦਿਖਾ ਰਹੀ। ਖੇਤੀ ਖੇਤਰ ਲਈ ਬਜਟ ਤਾਂ ਤਜਵੀਜ਼ ਕੀਤਾ ਜਾਂਦਾ ਹੈ ਪਰ ਉਹ ਮਹਿਜ਼ ਖਾਨਾਪੂਰਤੀ ਹੈ। ਸਾਲ 2018-2019 ਦੌਰਾਨ ਕਾਂਗਰਸ ਸਰਕਾਰ ਵੱਲੋਂ ਖੇਤੀ ਖੇਤਰ ਲਈ 11,670 ਕਰੋੜ ਰੁਪਏ ਦੇ ਬਜਟ ਦੀ ਵਿਵਸਥਾ ਕੀਤੀ ਗਈ ਸੀ, ਜਿਸ ਵਿਚੋਂ ਬਿਜਲੀ ਸਬਸਿਡੀ ਦੇ 4238 ਕਰੋੜ ਰੁਪਏ ਅਤੇ ਕਰਜ਼ਾ ਮੁਆਫੀ ਦੇ 5339 ਕਰੋੜ ਰੁਪਏ ਸ਼ਾਮਲ ਹਨ।



ਇਸ ਤੋਂ ਸਪੱਸ਼ਟ ਹੈ ਕਿ ਸਰਕਾਰ ਫਸਲੀ ਵਿਭਿੰਨਤਾ ਦਾ ਮਹਿਜ਼ ਢਿੰਡੋਰਾ ਪਿੱਟ ਰਹੀ ਹੈ ਕਿਉਂਕਿ ਖੇਤੀ ਸਕੀਮਾਂ ਨੇਪਰੇ ਨਹੀਂ ਚਾੜ੍ਹੀਆਂ ਜਾ ਰਹੀਆਂ। ਪਿਛਲੇ 6 ਸਾਲਾਂ ਦੌਰਾਨ ਪੰਜਾਬ ਨੂੰ 1175 ਕਰੋੜ ਰੁਪਏ ਦੀ ਗਰਾਂਟ ਕੇਂਦਰ ਸਰਕਾਰ ਤੋਂ ਨਹੀਂ ਮਿਲੀ, ਕਿਉਂਕਿ ਕੌਮੀ ਖੇਤੀ ਵਿਕਾਸ ਯੋਜਨਾ ਤਹਿਤ ਮਿਲੀ ਪਹਿਲੀ ਕਿਸ਼ਤ ਖਰਚ ਕਰਨ ਦਾ ਸਰਟੀਫਿਕੇਟ ਕੇਂਦਰ ਸਰਕਾਰ ਨੂੰ ਸਮੇਂ ਸਿਰ ਨਹੀਂ ਭੇਜਿਆ ਸੀ। ਸਰਕਾਰੀ ਰਿਕਾਰਡ ਅਨੁਸਾਰ ਰਾਜ ਸਰਕਾਰ ਪਿਛਲੇ 7-8 ਸਾਲਾਂ ਤੋਂ ਦੂਜੀ ਕਿਸ਼ਤ ਲੈਣ 'ਚ ਕਾਮਯਾਬ ਹੀ ਨਹੀਂ ਹੋ ਸਕੀ ਹਾਲਾਂਕਿ ਵਿੱਤੀ ਸੰਕਟ ਕਾਰਨ ਸਰਕਾਰ ਨੂੰ ਪੈਸੇ ਦੀ ਤੋਟ ਰਹਿੰਦੀ ਹੈ। ਕਰਜ਼ੇ ਦੇ ਭਾਰ ਕਾਰਨ 15 ਹਜ਼ਾਰ ਤੋਂ ਵੱਧ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ ਤੇ ਇਹ ਰੁਝਾਨ ਲਗਾਤਾਰ ਜਾਰੀ ਹੈ।

ਕੇਂਦਰ ਸਰਕਾਰ ਨੇ ਸਾਲ 2007-2008 ਵਿਚ ਕੌਮੀ ਖੇਤੀ ਵਿਕਾਸ ਯੋਜਨਾ, ਕੌਮੀ ਬਾਗਬਾਨੀ ਵਿਕਾਸ ਯੋਜਨਾ ਸਮੇਤ ਹੋਰ ਕਈ ਯੋਜਨਾਵਾਂ ਦਾ ਐਲਾਨ ਕਰਦਿਆਂ ਰਾਜ ਸਰਕਾਰਾਂ ਨੂੰ 90 ਫੀਸਦੀ ਗਰਾਂਟ ਦੇਣੀ ਸ਼ੁਰੂ ਕੀਤੀ ਸੀ ਤੇ 10 ਫੀਸਦੀ ਹਿੱਸਾ ਰਾਜ ਸਰਕਾਰ ਨੇ ਪਾਉਣਾ ਸੀ। ਇਸ ਯੋਜਨਾ ਤਹਿਤ ਖੇਤੀ ਖੇਤਰ ਵਿਚ 4 ਫੀਸਦੀ ਵਿਕਾਸ ਦਰ ਹਾਸਲ ਕਰਨ ਦਾ ਟੀਚਾ ਮਿਥਿਆ ਗਿਆ ਸੀ। ਰਾਜ ਸਰਕਾਰਾਂ ਨੂੰ ਸੂਬਿਆਂ ਵਿਚ ਕਿਸਾਨਾਂ ਦੀ ਹਾਲਤ ਸੁਧਾਰਨ ਲਈ ਨਵੇਂ ਪ੍ਰਾਜੈਕਟ ਉਲੀਕਣੇ ਸਨ ਪਰ ਅਫਸੋਸ, ਪੰਜਾਬ ਵਿਚ ਅਜਿਹਾ ਕੁੱਝ ਵੀ ਨਹੀਂ ਹੋਇਆ। ਸਗੋਂ ਕੇਂਦਰ ਦੀਆਂ ਗਰਾਂਟਾਂ ਦੇ ਸਹਾਰੇ ਡੰਗ ਟਪਾਇਆ ਜਾਣ ਲੱਗਾ। ਸਾਲ 2014 'ਚ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਮਗਰੋਂ ਭਾਜਪਾ ਸਰਕਾਰ ਨੇ ਖੇਤੀ ਸਕੀਮਾਂ 'ਤੇ ਕੱਟ ਲਾ ਕੇ 90 ਫੀਸਦੀ ਦੀ ਥਾਂ 60 ਫੀਸਦੀ ਗਰਾਂਟ ਦੇਣੀ ਸ਼ੁਰੂ ਕਰ ਦਿੱਤੀ ਤੇ ਰਾਜ ਸਰਕਾਰਾਂ ਨੂੰ 10 ਫੀਸਦੀ ਦੀ ਥਾਂ 40 ਫੀਸਦੀ ਹਿੱਸਾ ਪਾਉਣਾ ਜ਼ਰੂਰੀ ਕਰ ਦਿੱਤਾ। ਇਸ ਕਰ ਕੇ ਵਿੱਤੀ ਸੰਕਟ ਨਾਲ ਜੂਝ ਰਹੇ ਪੰਜਾਬ ਵਰਗੇ ਸੂਬਿਆਂ ਨੇ ਖੇਤੀ ਖੇਤਰ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ।

ਕਿਸਾਨੀ ਕਰਜ਼ੇ ਸਬੰਧੀ ਹੋਏ ਸਰਵੇਖਣ ਤੋਂ ਸਪੱਸ਼ਟ ਹੈ ਕਿ ਪੰਜਾਬ ਦੇ ਕਿਸਾਨਾਂ ਸਿਰ 70 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਸੱਤਾ ਹਥਿਆਉਣ ਲਈ ਕਿਸਾਨਾਂ ਦਾ ਸਮੁੱਚਾ ਕਰਜ਼ਾ (ਬੈਂਕਾਂ ਤੇ ਆੜ੍ਹਤੀਆਂ ਦਾ) ਮੁਆਫ ਕਰਨ ਦਾ ਐਲਾਨ ਕੀਤਾ ਸੀ ਤੇ ਹੁਣ ਤੱਕ 4516 ਕਰੋੜ ਰੁਪਏ ਹੀ ਮੁਆਫ ਕੀਤੇ ਹਨ। ਗੰਨਾ ਉਤਪਾਦਕਾਂ ਨੂੰ ਸੜਕਾਂ 'ਤੇ ਉਤਰਨਾ ਪੈਂਦਾ ਹੈ। ਝੋਨਾ ਵੇਚਣ ਲਈ ਮੰਡੀਆਂ 'ਚ ਅੰਨਦਾਤਾ ਖੁਆਰ ਹੁੰਦਾ ਹੈ ਤੇ ਸਰਕਾਰਾਂ ਸਿਵਾਏ ਲਾਰਿਆਂ ਤੋਂ ਕੱਖ ਵੀ ਨਹੀਂ ਕਰਦੀਆਂ।

ਪੰਜਾਬ ਕਿਸਾਨ ਕਮਿਸ਼ਨ ਦੇ ਚੇਅਰਮੈਨ ਅਜੈਵੀਰ ਜਾਖੜ ਨੇ ਰਾਜ ਸਰਕਾਰ ਨੂੰ ਲਿਖੇ ਪੱਤਰ ਵਿਚ ਕਿਹਾ ਕਿ ਨਕਲੀ ਬੀਜਾਂ ਅਤੇ ਨਕਲੀ ਦਵਾਈਆਂ ਦੇ ਜਿਹੜੇ ਮਾਮਲੇ ਸਾਹਮਣੇ ਆਏ ਹਨ, ਵਿਭਾਗ ਉਨ੍ਹਾਂ ਕੇਸਾਂ ਨੂੰ ਅੰਜਾਮ ਤੱਕ ਨਹੀਂ ਪਹੁੰਚਾਉਂਦਾ। ਕਮਿਸ਼ਨ ਦੇ ਮੁਖੀ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਖੇਤੀਬਾੜੀ ਵਿਭਾਗ ਦੇ ਅਫ਼ਸਰਾਂ ਦੀ ਮਿਲੀਭੁਗਤ ਨਾਲ ਹੀ ਕਿਸਾਨਾਂ ਨੂੰ ਨਕਲੀ ਬੀਜ ਅਤੇ ਦਵਾਈਆਂ ਸਪਲਾਈ ਕਰਕੇ ਦਿਨ ਦਿਹਾੜੇ ਠੱਗਿਆ ਜਾ ਰਿਹਾ ਹੈ। ਪੰਜਾਬ ਦੇ ਕਿਸਾਨਾਂ ਨੂੰ ਸ਼ਾਹੂਕਾਰਾ ਕਰਜ਼ੇ ਦੇ ਜੰਜਾਲ ਤੋਂ ਮੁਕਤ ਕਰਾਉਣ ਲਈ ਬਾਦਲ ਸਰਕਾਰ ਵੱਲੋਂ ਹੋਂਦ 'ਚ ਲਿਆਂਦੇ ਕਾਨੂੰਨ 'ਦਿ ਪੰਜਾਬ ਸੈਟਲਮੈਂਟ ਆਫ ਐਗਰੀਕਲਚਰਲ ਇਨਡੈਟਿਡਨੈਸ ਬਿਲ-2016 (ਖੇਤੀ ਕਰਜ਼ਿਆਂ ਦਾ ਨਿਬੇੜਾ ਬਿੱਲ) ਦੇ ਸਹੀ ਢੰਗ ਨਾਲ ਸਹਾਈ ਨਾ ਹੋਣ ਕਾਰਨ ਆੜ੍ਹਤੀਆਂ ਦਾ ਕਰਜ਼ਾ ਅਜੇ ਵੀ ਕਿਸਾਨਾਂ ਲਈ 'ਵਿੱਤੀ ਆਫਤ' ਤੋਂ ਘੱਟ ਨਹੀਂ ਹੈ।

ਕੈਪਟਨ ਸਰਕਾਰ ਨੇ ਇਸ ਕਾਨੂੰਨ ਨੂੰ ਲਾਗੂ ਕਰਨ ਲਈ ਭਾਵੇਂ ਸਥਾਨਕ ਤਿੰਨ ਮੰਤਰੀਆਂ 'ਤੇ ਆਧਾਰਿਤ ਇਕ ਵਿਸ਼ੇਸ਼ ਕਮੇਟੀ ਵੀ ਬਣਾਈ ਸੀ। ਕਾਨੂੰਨ ਨੂੰ ਕਿਸਾਨ ਪੱਖੀ ਬਣਾਉਣ ਲਈ ਸਿਆਸੀ ਇੱਛਾ ਸ਼ਕਤੀ ਦੀ ਘਾਟ ਹਾਕਮ ਧਿਰਾਂ 'ਚ ਹਮੇਸ਼ਾ ਹੀ ਰੜਕਦੀ ਰਹੀ ਹੈ। ਦੇਖਿਆ ਜਾਵੇ ਤਾਂ ਕਿਸਾਨਾਂ ਨੂੰ ਸ਼ਾਹੂਕਾਰਾਂ (ਆੜ੍ਹਤੀਆਂ) ਦੇ ਚੁੰਗਲ 'ਚ ਬਚਾਉਣ ਲਈ ਹਾਕਮ ਧਿਰਾਂ ਦੇ ਦਾਅਵਿਆਂ ਅਤੇ ਹਕੀਕਤਾਂ ਵਿਚ ਜ਼ਮੀਨ ਆਸਮਾਨ ਦਾ ਫਰਕ ਦਿਖਾਈ ਦਿੰਦਾ ਹੈ। ਕਿਸਾਨਾਂ ਨੂੰ ਸ਼ਾਹੂਕਾਰਾ ਕਰਜ਼ੇ ਤੋਂ ਮੁਕਤੀ ਦਿਵਾਉਣ ਲਈ ਕੈਪਟਨ ਅਮਰਿੰਦਰ ਸਿੰਘ ਨੇ ਸਾਲ 2006 ਵਿਚ ਦਿਹਾਤੀ ਕਰਜ਼ਾ ਨਿਪਟਾਰਾ ਕਾਨੂੰਨ ਲਿਆਉਣ ਦਾ ਮੁੱਢ ਤਾਂ ਬੰਨ੍ਹਿਆ ਸੀ। ਕਿਸਾਨੀ ਨੂੰ ਕਰਜ਼ਾ ਮੁਕਤ ਕਰਨ ਦਾ ਵਾਅਦਾ ਕਰਕੇ ਇਕ ਵਾਰ ਫਿਰ ਉਨ੍ਹਾਂ ਸੱਤਾ ਹਥਿਆ ਲਈ ਹੈ ਪਰ ਕੈਪਟਨ ਆਪਣੀ ਇੱਛਾ ਸ਼ਕਤੀ ਦਾ ਮੁਜ਼ਾਹਰਾ ਕਰਨ 'ਚ ਸਫਲ ਨਹੀਂ ਹੋ ਸਕੇ। ਅਹਿਮ ਤੱਥ ਇਹ ਹੈ ਕਿ ਸਾਲ 2006 ਵਿਚ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਿਸਾਨੀ ਨੂੰ ਕਰਜ਼ੇ ਤੋਂ ਨਿਜਾਤ ਦਿਵਾਉਣ ਲਈ ਕਾਨੂੰਨ ਦਾ ਜੋ ਖਰੜਾ ਤਿਆਰ ਕੀਤਾ ਸੀ, ਉਸ ਮੁਤਾਬਕ ਜਿਸ ਕਿਸਾਨ ਨੇ ਸ਼ਾਹੂਕਾਰ ਨੂੰ ਕਰਜ਼ੇ ਤੋਂ ਦੁੱਗਣੀ ਰਕਮ ਮੋੜ ਦਿੱਤੀ ਉਸ ਦਾ ਕਰਜ਼ੇ 'ਤੇ ਲਕੀਰ ਫਿਰੇਗੀ, ਕਿਸਾਨ ਦੀ ਜ਼ਮੀਨ ਕੁਰਕ ਨਹੀਂ ਹੋਵੇਗੀ ਤੇ ਕਰਜ਼ੇ ਤੇ ਵਿਆਜ ਵੀ ਸੀਮਤ ਹੱਦ ਤੱਕ ਹੋਵੇਗਾ।

## ਗੰਨਾ ਕਾਸ਼ਤਕਾਰ ਕਿਸਾਨਾਂ ਦੀ ਬਾਂਹ ਫੜੇਗੀ ਮੋਦੀ ਸਰਕਾਰ

**ਨਵੀਂ ਦਿੱਲੀ:** ਸਰਕਾਰ ਨੇ ਗੰਨਾ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਲਈ ਦੋ ਅਹਿਮ ਪ੍ਰਸਤਾਵਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਗਵਾਈ ਹੇਠ ਹੋਈ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ 40 ਲੱਖ ਟਨ ਖੰਡ ਦਾ ਵਾਧੂ ਭੰਡਾਰ ਕਰਨ ਅਤੇ 2019-20 (ਅਕਤੂਬਰ ਤੋਂ ਸਤੰਬਰ) ਲਈ ਗੰਨੇ ਦਾ ਵਾਜਬ ਅਤੇ ਲਾਹੇਵੰਦ ਮੁੱਲ (ਐਫ.ਆਰ.ਪੀ.) 275 ਰੁਪਏ ਕੁਇੰਟਲ ਰੱਖਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸਰਕਾਰ ਦੇ ਇਸ ਫੈਸਲੇ ਨਾਲ ਗੰਨਾ ਕਿਸਾਨਾਂ ਦੇ ਬਕਾਇਆ 15000 ਕਰੋੜ ਰੁਪਏ ਦਾ ਭੁਗਤਾਨ ਕਰਨ 'ਚ ਮਦਦ ਮਿਲੇਗੀ। ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਮੰਤਰੀ ਮੰਡਲ ਦੇ ਫੈਸਲਿਆਂ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਪਿਛਲੇ ਸਾਲ ਭੰਡਾਰ ਕਾਰਨ ਗੰਨਾ ਕਿਸਾਨਾਂ ਨੂੰ ਹੋਏ ਫਾਇਦੇ ਨੂੰ ਵੇਖਦਿਆਂ ਸਰਕਾਰ ਨੇ 40 ਲੱਖ ਟਨ ਖੰਡ ਦਾ ਭੰਡਾਰ ਰੱਖਣ ਦਾ ਫੈਸਲਾ ਕੀਤਾ ਹੈ। ਜਾਵੜੇਕਰ ਮੁਤਾਬਿਕ ਇਸ 'ਤੇ 1674 ਕਰੋੜ ਰੁਪਏ ਦਾ ਖਰਚ ਆਏਗਾ।

# ਪੰਜਾਬ ਵਿਚ ਕਿਸਾਨ ਖੁਦਕੁਸ਼ੀਆਂ ਦੇ ਦਿਲ ਕੰਬਾਊ ਅੰਕੜੇ

**ਚੰਡੀਗੜ੍ਹ:** ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ ਪੰਜਾਬ ਸਣੇ ਦੇਸ਼ 'ਚ ਹਰ ਸਾਲ ਹਜ਼ਾਰਾਂ ਕਿਸਾਨ ਖੇਤੀ ਦੇ ਸੰਕਟ ਕਾਰਨ ਖੁਦਕੁਸ਼ੀਆਂ ਕਰ ਰਹੇ ਹਨ, ਪਰ 2016 ਤੋਂ ਬਾਅਦ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੇ ਅੰਕੜੇ ਜਾਰੀ ਕਰਨੇ ਬੰਦ ਕਰ ਦਿੱਤੇ ਗਏ ਹਨ। ਪਿਛਲੀ ਲੋਕ ਸਭਾ ਵਿਚ 2015 ਤੇ 2016 ਦੇ ਪੇਸ਼ ਕੀਤੇ ਅੰਕੜਿਆਂ ਮੁਤਾਬਕ ਦੇਸ਼ 'ਚ 2016 'ਚ 2015 ਦੇ ਮੁਕਾਬਲੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਵਿਚ 9.8 ਫੀਸਦੀ ਦੀ ਕਮੀ ਆਈ ਹੈ। ਇਸੇ ਸਮੇਂ ਦੌਰਾਨ ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਤੇਲੰਗਾਨਾ ਅਤੇ ਛੱਤੀਸਗੜ੍ਹ ਵਿਚ ਵੀ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਵਿਚ ਕਮੀ ਦਰਜ ਕੀਤੀ ਗਈ ਹੈ ਪਰ ਪੰਜਾਬ, ਹਰਿਆਣਾ, ਕਰਨਾਟਕਾ, ਗੁਜਰਾਤ ਅਤੇ ਮੱਧ ਪ੍ਰਦੇਸ਼ ਵਿਚ ਇਨ੍ਹਾਂ ਖੁਦਕੁਸ਼ੀਆਂ ਵਿਚ ਵਾਧਾ ਦਰਜ ਹੋਇਆ ਹੈ।

ਅੰਕੜਿਆਂ ਮੁਤਾਬਕ ਪੰਜਾਬ ਵਿਚ 2016 ਵਿਚ 2015 ਦੇ ਮੁਕਾਬਲੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਵਿਚ 118.0 ਫੀਸਦੀ ਦਾ ਰਿਕਾਰਡ ਵਾਧਾ ਹੋਇਆ ਹੈ। ਇਹ ਵਾਧਾ ਦੂਜੇ ਸੂਬਿਆਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਹਰਿਆਣੇ ਵਿਚ ਉਸੇ ਸਮੇਂ ਦੌਰਾਨ ਇਹ ਵਾਧਾ 54.2 ਫੀਸਦੀ, ਗੁਜਰਾਤ ਵਿਚ 35.5 ਫੀਸਦੀ, ਕਰਨਾਟਕਾ ਵਿਚ 32.5 ਫੀਸਦੀ ਅਤੇ ਮੱਧ ਪ੍ਰਦੇਸ਼ ਵਿਚ 2.4 ਫੀਸਦੀ ਹੋਇਆ ਹੈ। ਇਨ੍ਹਾਂ ਅੰਕੜਿਆਂ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਖੇਤੀ ਸੰਕਟ ਦੀ ਲਪੇਟ ਵਿਚ ਦੇਸ਼ ਦੇ ਹੋਰ ਖਿੱਤੇ ਅਤੇ ਸੂਬੇ ਵੀ ਆ ਗਏ ਹਨ, ਜਿਨ੍ਹਾਂ ਵਿਚ ਸਭ ਤੋਂ ਵੱਧ ਖੇਤੀ ਵਿਚ ਵਿਕਸਿਤ ਪੰਜਾਬ ਵੀ ਸ਼ਾਮਲ ਹੈ।

ਪੰਜਾਬ ਵਿਚ ਪਿਛਲੇ ਸਾਲਾਂ ਦੌਰਾਨ ਖੇਤੀ ਸੰਕਟ ਕਾਰਨ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ ਅਤੇ ਹੁਣ ਵੀ ਖੇਤੀ ਸੰਕਟ ਦਾ ਕੋਈ ਕਾਰਗਰ ਹੱਲ ਨਾ ਹੋਣ ਕਾਰਨ ਲਗਾਤਾਰ ਖੁਦਕੁਸ਼ੀਆਂ ਦਾ ਰੁਝਾਨ ਜਾਰੀ ਹੈ। ਪੰਜਾਬ ਵਿਚ 92 ਫੀਸਦੀ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕਰਜ਼ੇ ਦੇ ਭਾਰ ਕਾਰਨ ਕੀਤੀਆਂ ਹਨ, ਕਿਸਾਨਾਂ ਸਬੰਧੀ ਇਹ ਦਰ 95 ਫੀਸਦੀ ਅਤੇ ਖੇਤ ਮਜ਼ਦੂਰਾਂ ਵਿਚ 89 ਫੀਸਦੀ ਸੀ। ਪੰਜਾਬ ਵਿਚ ਲਗਭਗ 98 ਫੀਸਦੀ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦਾ ਕੇਂਦਰ ਮਾਲਵਾ ਖੇਤਰ ਰਿਹਾ ਹੈ। ਗਿਆਰਾਂ ਜ਼ਿਲ੍ਹਿਆਂ ਵਿਚ ਵਧੇਰੇ ਖੁਦਕੁਸ਼ੀਆਂ ਹੋਈਆਂ ਹਨ। ਨੀਮ ਪਹਾੜੀ, ਦੁਆਬਾ ਅਤੇ ਮਾਝਾ ਖੇਤਰ ਦੇ ਗਿਆਰਾਂ ਜ਼ਿਲ੍ਹਿਆਂ ਵਿਚ ਕੇਵਲ 2 ਪ੍ਰਤੀਸ਼ਤ ਖੁਦਕੁਸ਼ੀਆਂ ਹੀ ਹੋਈਆਂ



ਹਨ ਜਦੋਂ ਕਿ ਦੋਵਾਂ ਖੇਤਰਾਂ ਵਿਚ ਸੂਬੇ ਦੀ ਪੇਂਡੂ ਆਬਾਦੀ ਲਗਭਗ ਬਰਾਬਰ-ਬਰਾਬਰ ਹੈ ਪਰ ਸਿੱਖਿਆ ਦੀ ਦਰ ਦੇ ਹਿਸਾਬ ਨਾਲ ਮਾਲਵੇ ਦੇ ਜ਼ਿਲ੍ਹੇ ਦੂਜੇ ਖੇਤਰ ਭਾਵ ਨੀਮ ਪਹਾੜੀ, ਦੁਆਬਾ ਅਤੇ ਮਾਝਾ ਖੇਤਰ ਦੇ ਜ਼ਿਲ੍ਹਿਆਂ ਤੋਂ ਪਿੱਛੇ ਹਨ। ਜਦੋਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਨੂੰ ਜੋਤਾਂ ਦੇ ਆਕਾਰ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਸਹਿਜੇ ਹੀ ਸਾਫ ਹੋ ਜਾਂਦਾ ਹੈ ਕਿ ਪੰਜਾਬ ਵਿਚ ਖੇਤੀ ਸੰਕਟ ਦਾ ਵਧੇਰੇ ਮਾਰੂ ਅਸਰ ਸੀਮਾਂਤ, ਛੋਟੀ ਅਤੇ ਅਰਧ-ਦਰਮਿਆਨੀ ਕਿਸਾਨੀ 'ਤੇ ਪਿਆ ਹੈ ਕਿਉਂਕਿ ਕੁੱਲ ਕਿਸਾਨਾਂ ਦੀਆਂ ਖੁਦਕੁਸ਼ੀਆਂ ਵਿਚ ਇਸ ਕਿਸਾਨੀ ਦਾ ਲਗਭਗ 92 ਫੀਸਦੀ ਹਿੱਸਾ ਹੈ। ਪਿਛਲੇ ਸਮੇਂ ਵਿਚ ਦੇਸ਼ ਪੱਧਰ 'ਤੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਇਕੱਠੇ ਹੋ ਕੇ ਆਲ ਇੰਡੀਆ ਕਿਸਾਨ ਕੋਆਰਡੀਨੇਸ਼ਨ ਕਮੇਟੀ ਦਾ ਗਠਨ ਕਰ ਕੇ ਸੰਘਰਸ਼ ਕੀਤਾ, ਨਤੀਜੇ ਵਜੋਂ ਸਰਕਾਰਾਂ ਅਤੇ ਰਾਜਨੀਤਕ ਪਾਰਟੀਆਂ ਨੂੰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਮਸਲਿਆਂ ਨੂੰ ਸੁਣਨ ਅਤੇ ਹੱਲ ਕੱਢਣ ਲਈ ਮਜਬੂਰ ਹੋਣਾ ਪਿਆ।

ਲੋਕ ਸਭਾ ਚੋਣਾਂ ਹੋਣ ਕਾਰਨ ਦੇਸ਼ ਪੱਧਰ 'ਤੇ ਅਤੇ ਕਾਫੀ ਸੂਬਾ ਸਰਕਾਰਾਂ ਨੇ ਆਪਣੇ ਪੱਧਰ ਉਤੇ ਖੇਤੀ ਸੰਕਟ ਦੇ ਹੱਲ ਲਈ ਵੱਖ-ਵੱਖ ਯੋਜਨਾਵਾਂ ਅਤੇ ਸਕੀਮਾਂ ਸ਼ੁਰੂ ਕੀਤੀਆਂ ਅਤੇ ਇਨ੍ਹਾਂ ਸਕੀਮਾਂ ਅਤੇ ਯੋਜਨਾਵਾਂ ਦਾ ਮੁੱਖ ਮਕਸਦ ਆਰਜ਼ੀ ਤੌਰ ਉਤੇ ਕਿਸਾਨਾਂ ਦੀ ਕਰਜ਼ਾ ਮੁਆਫੀ ਅਤੇ ਆਮਦਨ ਨੂੰ ਸਪਲੀਮੈਂਟ ਕਰਨਾ ਸੀ ਪਰ ਇਨ੍ਹਾਂ ਯੋਜਨਾਵਾਂ ਅਤੇ ਸਕੀਮਾਂ ਤੋਂ ਬਾਅਦ ਵੀ ਖੇਤੀ ਸੰਕਟ ਕਾਰਨ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਦੇਸ਼ ਅਤੇ ਪੰਜਾਬ ਵਿਚ ਖੁਦਕੁਸ਼ੀਆਂ ਲਗਾਤਾਰ ਜਾਰੀ ਹਨ, ਕਿਉਂਕਿ ਇਹ ਸਕੀਮਾਂ ਅਤੇ ਯੋਜਨਾਵਾਂ ਖੇਤੀ ਸੰਕਟ ਦੇ ਹੱਲ ਲਈ ਘੱਟ ਅਸਰਦਾਰ ਅਤੇ ਨਾਕਾਫੀ ਸਾਬਤ ਹੋਇਆ ਹਨ।

# ਕਰਜ਼ ਮੁਆਫੀ ਸਕੀਮ ਵੀ ਨਾ ਕੱਟ ਸਕੀ ਕਰਜ਼ਈ ਕਿਸਾਨਾਂ ਦੇ ਦੁੱਖ

**ਪਟਿਆਲਾ:** ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਕਰਜ਼ਾ ਮੁਆਫੀ ਸਕੀਮ ਦੇ ਬਾਵਜੂਦ ਸੂਬੇ ਵਿਚ ਲੱਖਾਂ ਕਰਜ਼ਈ ਕਿਸਾਨਾਂ ਨੂੰ ਹਫਤੇ ਤੱਕ ਸਰਕਾਰੀ ਤੌਰ 'ਤੇ ਡਿਫਾਲਟਰ ਹੋਣ ਦੇ 'ਠੱਪੇ' ਦਾ ਸੇਕ ਲੱਗਣ ਵਾਲਾ ਹੈ। ਕਰਜ਼ੇ ਵਿਚ ਫਸੇ ਇਹ ਕਿਸਾਨ ਸੈਂਟਰਲ ਕੋਆਪ੍ਰੇਟਿਵ ਬੈਂਕਾਂ ਨਾਲ ਸਬੰਧਤ ਹਨ। ਇਨ੍ਹਾਂ ਬੈਂਕਾਂ ਦੀ ਕਰਜ਼ਾ ਵਸੂਲੀ ਪੱਖੋਂ ਗੁਰਦਾਸਪੁਰ ਤੇ ਤਰਨ ਤਾਰਨ ਜ਼ਿਲ੍ਹੇ ਫਾਡੀ ਬਣੇ ਹੋਏ ਹਨ ਜਦੋਂਕਿ ਮੁੱਖ ਮੰਤਰੀ ਦੇ ਜ਼ਿਲ੍ਹੇ ਪਟਿਆਲਾ ਵਿਚ ਵੀ 36 ਹਜ਼ਾਰ ਤੋਂ ਵੱਧ ਕਿਸਾਨ ਡਿਫਾਲਟਰ ਹੋਣ ਦੀ ਕਗਾਰ 'ਤੇ ਹਨ।

ਦੱਸਣਯੋਗ ਹੈ ਕਿ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਸਥਾਪਤ ਕੋਆਪ੍ਰੇਟਿਵ ਬੈਂਕਾਂ ਦੀ ਲੰਘੇ ਹਾੜੀ ਦੇ ਸੀਜ਼ਨ ਦੌਰਾਨ ਕਰਜ਼ਾ ਵਸੂਲੀ ਦੀ ਦਰ ਕਾਫੀ ਹੇਠਾਂ ਡਿੱਗਣ ਕਾਰਨ ਪੰਜਾਬ ਸਰਕਾਰ ਨੇ ਇਕ ਮਹੀਨੇ ਲਈ 'ਗ੍ਰੇਸ ਪੀਰੀਅਡ' ਮਿਥਿਆ ਸੀ ਤਾਂ ਕਿ ਜਿਹੜੇ ਕਿਸਾਨ ਨਿਰਧਾਰਤ 30 ਜੂਨ 2019 ਤਕ ਕਰਜ਼ੇ ਦੀਆਂ ਕਿਸ਼ਤਾਂ ਨਹੀਂ ਮੋੜ ਸਕੇ ਸਨ, ਉਹ ਬਿਨਾਂ ਪੈਨਲਟੀ 31 ਜੁਲਾਈ ਤਕ ਕਰਜ਼ੇ ਦੀ ਕਿਸ਼ਤ ਮੋੜ ਸਕਣ। ਬੈਂਕ ਦੀ ਨਿਯਮਾਂਵਲੀ ਅਨੁਸਾਰ 31 ਜੁਲਾਈ ਮਗਰੋਂ ਕਰਜ਼ਾ ਨਾ ਉਤਾਰਨ ਵਾਲੇ ਕਿਸਾਨਾਂ ਨੂੰ ਜਿਥੇ ਡਿਫਾਲਟਰ ਐਲਾਨ ਦਿੱਤਾ ਜਾਵੇਗਾ, ਉਥੇ ਹੀ 2.5 ਫੀਸਦੀ ਦੇ ਹਿਸਾਬ ਨਾਲ ਵਾਧੂ ਵਿਆਜ ਵੀ ਖੜ੍ਹੀ ਰਕਮ ਵਿਚ ਜੋੜ ਦਿੱਤਾ ਜਾਵੇਗਾ।

'ਦਿ ਪੰਜਾਬ ਸਟੇਟ ਕੋਆਪ੍ਰੇਟਿਵ ਬੈਂਕ ਲਿਮਟਿਡ ਚੰਡੀਗੜ੍ਹ' ਦੇ ਸੂਤਰਾਂ ਮੁਤਾਬਕ 6636.50 ਕਰੋੜ ਦਾ ਕਰਜ਼ਾ ਪੰਜਾਬ ਦੇ ਕਿਸਾਨਾਂ ਨੇ ਵਸੂਲਿਆ ਹੋਇਆ ਹੈ, ਜਿਸ ਵਿਚੋਂ 4321.99 ਕਰੋੜ ਹੀ ਵਸੂਲੀ ਹੋ ਸਕੀ ਹੈ, ਜਦੋਂਕਿ 2314.51 ਕਰੋੜ ਰੁਪਏ ਕਰਜ਼ਾ ਕਿਸਾਨਾਂ ਵੱਲ ਖੜ੍ਹਾ ਹੈ। ਮੁੱਖ ਮੰਤਰੀ ਦੇ ਜ਼ਿਲ੍ਹੇ ਪਟਿਆਲਾ ਦੇ ਕੋਆਪ੍ਰੇਟਿਵ ਬੈਂਕ ਦੇ ਮੁੱਖ ਦਫਤਰ ਦੇ ਅੰਕੜਿਆਂ ਮੁਤਾਬਿਕ ਜ਼ਿਲ੍ਹੇ ਵਿਚ ਕਿਸਾਨਾਂ ਨੇ 598.96 ਕਰੋੜ ਰੁਪਏ ਦਾ ਖੇਤੀ ਕਰਜ਼ ਚੁੱਕਿਆ ਸੀ, ਜਿਸ ਵਿਚੋਂ 361.69 ਕਰੋੜ ਦਾ ਕਰਜ਼ ਹੀ ਮੋੜਿਆ ਹੈ। ਸੂਤਰਾਂ ਮੁਤਾਬਿਕ 36 ਹਜ਼ਾਰ ਤੋਂ ਵੱਧ ਕਿਸਾਨ ਇਕੱਲੇ ਪਟਿਆਲਾ ਜ਼ਿਲ੍ਹੇ ਵਿਚ ਹੀ ਡਿਫਾਲਟਰ ਹੋਣ ਦੀ ਕਗਾਰ 'ਤੇ ਹਨ। ਉਂਜ ਫਤਹਿਗੜ੍ਹ ਸਾਹਿਬ, ਮੋਗਾ ਤੇ ਲੁਧਿਆਣਾ ਜ਼ਿਲ੍ਹਿਆਂ ਵਿਚ ਵਸੂਲੀ ਦੀ ਦਰ ਸਭ ਤੋਂ ਵੱਧ ਕ੍ਰਮਵਾਰ 85.47 ਫੀਸਦੀ, 83.50 ਫੀਸਦੀ ਤੇ 83.47 ਫੀਸਦੀ ਰਹੀ ਹੈ। ਸਭ ਤੋਂ ਹੇਠਾਂ ਕਰਜ਼ੇ ਦੀ ਵਸੂਲੀ ਦੀ ਦਰ ਗੁਰਦਾਸਪੁਰ ਤੇ ਤਰਨ ਤਾਰਨ ਜ਼ਿਲ੍ਹਿਆਂ ਅੰਦਰ ਕ੍ਰਮਵਾਰ 37.05 ਤੇ 38.58 ਫੀਸਦੀ ਰਹੀ ਹੈ।

ਪ੍ਰਾਪਤ ਵੇਰਵਿਆਂ ਮੁਤਾਬਿਕ ਐਤਕੀਂ ਪੰਜਾਬ ਦੇ ਕੋਆਪ੍ਰੇਟਿਵ ਬੈਂਕਾਂ ਦੇ ਕੁੱਲ ਕਰਜ਼ੇ ਵਿਚੋਂ 64 ਤੋਂ 65 ਫੀਸਦੀ ਤਕ ਹੀ ਵਸੂਲੀ ਸੰਭਵ ਬਣ ਸਕੀ ਹੈ, ਜਦੋਂਕਿ 34 ਤੋਂ 35 ਫੀਸਦੀ ਵਸੂਲੀ ਫਸੀ ਹੋਈ ਹੈ। ਇਸ ਰੁਕੀ ਵਸੂਲੀ 'ਤੇ ਕਿਸਾਨਾਂ ਨੇ ਗਰੇਸ ਪੀਰੀਅਡ ਦੀ 2.5 ਫੀਸਦੀ ਰਿਆਇਤ ਲੈਣ ਨੂੰ ਵੀ ਤਰਜੀਹ ਦੇਣੀ ਮੁਨਾਸਬ ਨਹੀਂ ਸਮਝੀ। ਕਿਸਾਨਾਂ ਨੇ ਆਖਿਆ ਕਿ ਉਹ ਕਰਜ਼ੇ ਹੇਠ ਐਨੇ ਦੱਬੇ ਹੋਏ ਹਨ ਕਿ ਕਰਜ਼ਾ ਮੋੜਨਾ ਹੁਣ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਰਹੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਨਾਲ ਕਰਜ਼ਾ ਮੁਆਫੀ ਦਾ ਜੋ ਵਾਅਦਾ ਕੀਤਾ ਸੀ, ਉਸ ਨੂੰ ਇੰਨ ਬਿੰਨ ਪੂਰਾ ਕਰ ਕੇ ਕਿਸਾਨੀ ਨੂੰ ਕਰਜ਼ੇ ਵਿਚੋਂ ਮੁਕਤ ਕਰਨ ਦੀ ਲੋੜ ਹੈ।

## ਸਰਕਾਰ ਨੂੰ ਕਿਸਾਨਾਂ ਦੀ 2022 ਤੱਕ ਆਮਦਨ ਦੁੱਗਣੀ ਹੋਣ 'ਤੇ ਸ਼ੱਕ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਇਸ ਗੱਲ 'ਤੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਮੌਜੂਦਾ ਚਾਰ ਫੀਸਦ ਖੇਤੀ ਵਿਕਾਸ ਦਰ ਨਾਲ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਜਾਵੇਗੀ। ਖੇਤੀ ਤੇ ਕਿਸਾਨ ਭਲਾਈ ਰਾਜ ਮੰਤਰੀ ਪੁਰਸ਼ੋਤਮ ਰੁਪਾਲਾ ਨੇ ਰਾਜ ਸਭਾ 'ਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਨਾਲ ਜੁੜੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਇਸੇ ਵਿਕਾਸ ਦਰ ਨਾਲ ਕਿਸਾਨਾਂ ਦੀ ਆਮਦਨ ਦੁੱਗਣੀ ਨਹੀਂ ਹੋਵੇਗੀ। ਅਸੀਂ ਵੀ ਇਹ ਗੱਲ ਮੰਨਦੇ ਹਾਂ।

ਸਪਾ ਦੇ ਰਾਮਗੋਪਾਲ ਯਾਦਵ ਨੇ ਸਵਾਲ ਪੁੱਛਿਆ ਸੀ ਕਿ ਖੇਤੀ 'ਚ ਸ਼ਾਮਲ ਮੱਛੀ ਪਾਲਣ, ਡੇਅਰੀ ਉਤਪਾਦਨ ਤੇ ਖੇਤੀ 'ਤੇ ਅਧਾਰਤ ਮੌਜੂਦਾ ਤਕਰੀਬਨ ਚਾਰ ਫੀਸਦ ਖੇਤੀ ਵਿਕਾਸ ਦਰ ਨਾਲ ਕੀ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਜਾਵੇਗੀ। ਸ੍ਰੀ ਯਾਦਵ ਨੇ ਕਿਹਾ ਆਰਥਿਕ ਸਰਵੇਖਣਾਂ ਅਨੁਸਾਰ ਖੇਤੀ 'ਚ ਸ਼ਾਮਲ ਇਨ੍ਹਾਂ ਚਾਰ ਮੁੱਖ ਕੰਮਾਂ 'ਤੇ ਅਧਾਰਤ ਖੇਤੀ ਵਿਕਾਸ ਦਰ ਤਕਰੀਬਨ ਚਾਰ ਫੀਸਦ ਹੈ ਜਦਕਿ ਸ਼ੁੱਧ ਖੇਤੀ 'ਤੇ ਅਧਾਰਤ ਵਿਕਾਸ ਦਰ 2 ਫੀਸਦ ਤੋਂ ਵੀ ਘੱਟ ਹੈ।

